

ਮਾਪਿਆਂ ਵਾਸਤੇ ਜਾਣਕਾਰੀ

# ਤੁਸੀਂ HPV-ਸਬੰਧਿਤ ਕੈਂਸਰਾਂ ਤੋਂ ਆਪਣੇ ਬੱਚੇ ਦੀ ਰੱਖਿਆ ਕਰ ਸਕਦੇ ਹੋ

## ਓਨਟੈਰੀਓ ਦਾ HPV ਟੀਕਾਕਰਨ ਪ੍ਰੋਗਰਾਮ ਕੈਂਸਰ ਤੋਂ ਰੋਕਥਾਮ ਕਰਨ ਵਿੱਚ ਮਦਦ ਕਰਦਾ ਹੈ

ਓਨਟੈਰੀਓ ਵਿੱਚ ਗਰੇਡ 8 ਵਿਚਲੀਆਂ ਕੁੜੀਆਂ ਨੂੰ 2007 ਤੋਂ ਲੈਕੇ ਹਿਊਮਨ ਪੈਪਿਲੋਮਾਵਾਇਰਸ (HPV) ਵੈਕਸੀਨ ਮੁਫ਼ਤ ਵਿੱਚ ਮਿਲਦੀ ਆ ਰਹੀ ਹੈ। **ਸਤੰਬਰ 2016 ਤੋਂ ਸ਼ੁਰੂ ਕਰਕੇ, ਗਰੇਡ 7 ਵਿਚਲੇ ਸਾਰੇ ਮੁੰਡੇ ਅਤੇ ਕੁੜੀਆਂ ਹੁਣ ਇਹ ਵੈਕਸੀਨ ਮੁਫ਼ਤ ਵਿੱਚ ਹਾਸਲ ਕਰਨ ਦੇ ਯੋਗ ਹੋਣਗੇ।**

### ਮੇਰੇ ਪਰਿਵਾਰ ਵਾਸਤੇ ਇਸਦਾ ਕੀ ਮਤਲਬ ਹੈ?

ਜੇ ਸਤੰਬਰ 2016 ਵਿੱਚ ਗਰੇਡ 7 ਵਿੱਚ ਤੁਹਾਡਾ ਕੋਈ ਬੇਟਾ ਜਾਂ ਬੇਟੀ ਹੈ, ਤਾਂ ਤੁਹਾਡੇ ਪਬਲਿਕ ਹੈਲਥ ਯੂਨਿਟ ਦੀ ਨਰਸ ਵੱਲੋਂ ਉਸਨੂੰ ਸਕੂਲ ਵਿਖੇ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਵੇਗੀ।

ਜੇ ਤੁਹਾਡੀ ਕੋਈ ਬੇਟੀ ਹੈ ਜੋ 2016-17 ਵਿੱਚ ਗਰੇਡ 8 ਵਿੱਚ ਦਾਖਲ ਹੋਣ ਜਾ ਰਹੀ ਹੈ, ਤਾਂ ਉਹ ਵੀ ਸਕੂਲ ਵਿਖੇ HPV ਵੈਕਸੀਨ ਪ੍ਰਾਪਤ ਕਰਨ ਦੇ ਯੋਗ ਹੋਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਟੀਕਾ ਲਗਾਏ ਜਾਣ ਦਾ ਮੌਕਾ ਖੁੰਝਾ ਨਹੀਂ ਦਿੰਦੀ। ਇਸਤੋਂ ਬਾਅਦ, ਵੈਕਸੀਨ ਕੇਵਲ ਗਰੇਡ 7 ਵਿੱਚ ਹੀ ਪ੍ਰਦਾਨ ਕੀਤੀ ਜਾਵੇਗੀ।

ਜ਼ਿਆਦਾਤਰ ਵਿਦਿਆਰਥੀਆਂ ਵਾਸਤੇ, ਵੈਕਸੀਨ ਨੂੰ ਦੋ ਟੀਕਿਆਂ ਰਾਹੀਂ ਦਿੱਤਾ ਜਾਂਦਾ ਹੈ, ਜਿੰਨ੍ਹਾਂ ਵਿੱਚ ਛੇ ਮਹੀਨਿਆਂ ਦਾ ਫਰਕ ਹੁੰਦਾ ਹੈ। ਉਹਨਾਂ ਬੱਚਿਆਂ ਵਾਸਤੇ ਜੋ ਆਪਣੀ ਪਹਿਲੀ ਖੁਰਾਕ 14 ਸਾਲਾਂ ਦੇ ਬਾਅਦ ਪ੍ਰਾਪਤ ਕਰਦੇ ਹਨ, ਜਾਂ ਜਿੰਨ੍ਹਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰ ਹੁੰਦੀ ਹੈ, HPV ਵੈਕਸੀਨ ਨੂੰ ਛੇ ਮਹੀਨਿਆਂ ਦੌਰਾਨ ਤਿੰਨ ਟੀਕਿਆਂ ਨਾਲ ਦਿੱਤਾ ਜਾਂਦਾ ਹੈ।

ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਟੀਕਾਕਰਨ ਦੇ ਬਿਨਾਂ ਜਿਨਸੀ ਤੌਰ 'ਤੇ ਸਰਗਰਮ ਹਰ

**4 ਕੈਨੇਡੀਅਨਾਂ ਵਿੱਚੋਂ 3**

ਨੂੰ ਉਹਨਾਂ ਦੇ ਜੀਵਨ ਵਿੱਚ ਕਿਸੇ ਨਾ ਕਿਸੇ ਸਮੇਂ HPV ਦੀ ਲਾਗ ਲੱਗੇਗੀ

Catalogue No. 020594 ISBN 978-1-4606-8435-1 (PDF) (Punjabi) © Queen's Printer for Ontario, 2016

Ontario

## HPV ਕੀ ਹੈ?

HPV ਇੱਕ ਵਾਇਰਸ ਹੈ ਜੋ ਵਿਸ਼ਵ ਭਰ ਵਿੱਚ ਬੇਹੱਦ ਆਮ ਹੈ। ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਟੀਕਾਕਰਨ ਦੇ ਬਿਨਾਂ, ਜਿਨਸੀ ਤੌਰ 'ਤੇ ਸਰਗਰਮ ਹਰ ਚਾਰ ਕੈਨੇਡੀਅਨਾਂ ਵਿੱਚੋਂ ਤਿੰਨ ਨੂੰ ਉਹਨਾਂ ਦੇ ਜੀਵਨ ਵਿੱਚ HPV ਦੀ ਲਾਗ ਲੱਗੇਗੀ। HPV ਦੀਆਂ ਬਹੁਤ ਸਾਰੀਆਂ ਵਿਭਿੰਨ ਕਿਸਮਾਂ ਹਨ ਅਤੇ HPV ਵਾਲੇ ਜ਼ਿਆਦਾਤਰ ਲੋਕਾਂ ਵਿੱਚ ਕੋਈ ਵੀ ਚਿੰਨ੍ਹ ਜਾਂ ਲੱਛਣ ਵਿਕਸਿਤ ਨਹੀਂ ਹੁੰਦੇ। ਪਰ, HPV ਦੀਆਂ ਕੁਝ ਕਿਸਮਾਂ ਬੱਚੇਦਾਨੀ ਦੇ ਮੁਹਾਨੇ ਜਾਂ ਪੁਰਸ਼-ਲਿੰਗ ਦੇ ਕੈਂਸਰ ਅਤੇ ਨਾਲ ਹੀ ਮਰਦਾਂ ਅਤੇ ਔਰਤਾਂ ਵਿੱਚ ਹੋਰ ਕਿਸਮਾਂ ਦੇ ਕੈਂਸਰਾਂ ਅਤੇ ਜਣਨ-ਅੰਗਾਂ ਦੇ ਮਹੁਕਿਆਂ ਦਾ ਕਾਰਨ ਬਣ ਸਕਦੀਆਂ ਹਨ। ਖੁਸ਼ਕਿਸਮਤੀ ਨਾਲ, HPV ਦੀਆਂ ਕੈਂਸਰ ਦਾ ਕਾਰਨ ਬਣਨ ਵਾਲੀਆਂ ਸਭ ਤੋਂ ਵੱਧ ਆਮ ਕਿਸਮਾਂ ਤੋਂ ਹੋਣ ਵਾਲੀਆਂ ਲਾਗਾਂ ਦੀ ਰੋਕਥਾਮ HPV ਵੈਕਸੀਨ ਨਾਲ ਕੀਤੀ ਜਾ ਸਕਦੀ ਹੈ।

## ਮੇਰੇ ਬੱਚੇ ਨੂੰ HPV ਲਈ ਵੈਕਸੀਨ ਕਿਉਂ ਲਗਵਾਉਣੀ ਚਾਹੀਦੀ ਹੈ?

HPV ਵੈਕਸੀਨ ਦੀ ਸਿਫਾਰਸ਼ ਮੁੰਡਿਆਂ ਅਤੇ ਕੁੜੀਆਂ ਲਈ ਉਹਨਾਂ ਦੀ ਜਵਾਨੀ ਦੇ ਸ਼ੁਰੂ ਵਿੱਚ ਕੀਤੀ ਜਾਂਦੀ ਹੈ ਤਾਂ ਜੋ ਉਹਨਾਂ ਦੀ ਉਹਨਾਂ HPV ਲਾਗਾਂ ਤੋਂ ਰੱਖਿਆ ਕੀਤੀ ਜਾਵੇ ਜੋ ਕੈਂਸਰ ਦਾ ਕਾਰਨ ਬਣਦੀਆਂ ਹਨ। ਇਹ ਮਹੱਤਵਪੂਰਨ ਹੈ ਕਿ ਤੁਹਾਡੇ ਬੇਟੇ ਜਾਂ ਬੇਟੀ ਦੇ ਜਿਨਸੀ ਕਿਰਿਆ ਵਿੱਚ ਲੱਗਣ ਅਤੇ ਸੰਭਾਵੀ ਤੌਰ 'ਤੇ HPV ਦੇ ਸੰਪਰਕ ਵਿੱਚ ਆਉਣ ਤੋਂ ਕਾਫੀ ਪਹਿਲਾਂ ਉਹਨਾਂ ਨੂੰ ਵੈਕਸੀਨ ਦਿੱਤੀ ਜਾਵੇ।

## ਕੀ ਗਰੇਡ 7 ਤੋਂ ਬਾਅਦ ਵੀ ਮੇਰਾ ਬੱਚਾ HPV ਵੈਕਸੀਨ ਪ੍ਰਾਪਤ ਕਰਨ ਲਈ ਯੋਗ ਬਣਿਆ ਰਹਿੰਦਾ ਹੈ?

ਜੇ ਤੁਹਾਡਾ ਬੱਚਾ ਗਰੇਡ 7 ਵਿੱਚ ਹੋਣ ਦੌਰਾਨ ਆਪਣੀਆਂ HPV ਵੈਕਸੀਨਾਂ ਸ਼ੁਰੂ ਨਹੀਂ ਕਰਦਾ ਜਾਂ ਸਮਾਪਤ ਨਹੀਂ ਕਰਦਾ, ਤਾਂ ਉਹ ਅਜੇ ਵੀ ਗਰੇਡ 12 ਦੀ ਸਮਾਪਤੀ ਤੱਕ ਵੈਕਸੀਨ ਨੂੰ ਮੁਫ਼ਤ ਵਿੱਚ ਪ੍ਰਾਪਤ ਕਰਨ ਲਈ ਯੋਗ ਹੈ।

## ਵੈਕਸੀਨ ਕਿਵੇਂ ਕੰਮ ਕਰਦੀ ਹੈ?

HPV ਵੈਕਸੀਨ HPV ਲਾਗ ਤੋਂ ਰੱਖਿਆ ਕਰਦੀ ਹੈ। ਅਸਲ ਵਿੱਚ, ਵੈਕਸੀਨ HPV ਦੀਆਂ ਚਾਰ ਕਿਸਮਾਂ ਤੋਂ ਰੱਖਿਆ ਕਰਦੀ ਹੈ, ਜੋ ਲਗਭਗ 92 ਪ੍ਰਤੀਸ਼ਤ ਗੁਦਾ ਦੇ ਕੈਂਸਰਾਂ, 89 ਪ੍ਰਤੀਸ਼ਤ ਮੂੰਹ ਅਤੇ ਕੁਝ ਕਿਸਮਾਂ ਦੇ ਗਲੇ ਦੇ ਕੈਂਸਰਾਂ, 70 ਪ੍ਰਤੀਸ਼ਤ ਬੱਚੇਦਾਨੀ ਦੇ ਮੁਹਾਨੇ ਦੇ ਕੈਂਸਰਾਂ, 63 ਪ੍ਰਤੀਸ਼ਤ ਪੁਰਸ਼-ਲਿੰਗ ਦੇ ਕੈਂਸਰਾਂ, ਅਤੇ 90 ਪ੍ਰਤੀਸ਼ਤ ਜਣਨ-ਅੰਗਾਂ ਦੇ ਮਹੁਕਿਆਂ ਦਾ ਕਾਰਨ ਬਣਦੀਆਂ ਹਨ।

## ਕੀ ਮੇਰੇ ਬੱਚੇ ਨੂੰ ਵੈਕਸੀਨ ਤੋਂ HPV ਹੋ ਸਕਦੀ ਹੈ?

ਨਹੀਂ। ਤੁਹਾਨੂੰ HPV ਵੈਕਸੀਨ ਤੋਂ HPV ਦੀ ਲਾਗ ਨਹੀਂ ਲੱਗ ਸਕਦੀ। ਵੈਕਸੀਨ HPV ਤੋਂ ਰੱਖਿਆ ਕਰਨ ਵਾਸਤੇ ਕਿਸੇ ਵਿਅਕਤੀ ਦੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਮਜ਼ਬੂਤ ਕਰਦੀ ਹੈ।

## ਕੀ ਵੈਕਸੀਨ ਸੁਰੱਖਿਅਤ ਹੈ?

HPV ਵੈਕਸੀਨ ਬਹੁਤ ਹੀ ਸੁਰੱਖਿਅਤ ਅਤੇ ਅਸਰਦਾਰ ਹੈ। ਇਸਨੂੰ ਧਿਆਨਪੂਰਵਕ ਟੈਸਟ ਕੀਤਾ ਗਿਆ ਹੈ ਅਤੇ ਹੈਲਥ ਕੈਨੇਡਾ ਨੇ ਇਸਨੂੰ ਮਨਜ਼ੂਰੀ ਦਿੱਤੀ ਹੈ। ਇਸਤੋਂ ਇਲਾਵਾ, ਵੈਕਸੀਨ ਦੀ ਸੁਰੱਖਿਆ 'ਤੇ ਨਜ਼ਰ ਰੱਖਣ ਲਈ ਕੈਨੇਡਾ ਵਿੱਚ ਇੱਕ ਮਜ਼ਬੂਤ ਪ੍ਰਣਾਲੀ ਸਥਾਪਤ ਹੈ। HPV ਵੈਕਸੀਨ 100 ਤੋਂ ਵਧੇਰੇ ਦੇਸ਼ਾਂ ਵਿੱਚ ਵਰਤੇ ਜਾਣ ਲਈ ਮਨਜ਼ੂਰਸ਼ੁਦਾ ਹੈ, ਅਤੇ ਵਿਸ਼ਵ ਭਰ ਵਿੱਚ 175 ਮਿਲੀਅਨ ਤੋਂ ਵਧੇਰੇ ਖੁਰਾਕਾਂ ਵੰਡੀਆਂ ਜਾ ਚੁੱਕੀਆਂ ਹਨ।

HPV ਵੈਕਸੀਨ ਦੇ ਅਣਚਾਹੇ ਅਸਰ ਜ਼ਿਆਦਾਤਰ ਹੋਰ ਵੈਕਸੀਨਾਂ ਵਰਗੇ ਹੀ ਹਨ। ਜ਼ਿਆਦਾਤਰ ਆਮ ਅਣਚਾਹੇ ਅਸਰ ਹਲਕੇ ਹੁੰਦੇ ਹਨ ਅਤੇ ਇਹਨਾਂ ਵਿੱਚ ਬਾਂਹ ਦਾ ਦਰਦ, ਸੋਜਸ਼ ਜਾਂ ਟੀਕਾ ਲਗਾਏ ਜਾਣ ਦੇ ਸਥਾਨ 'ਤੇ ਲਾਲੀ ਸ਼ਾਮਲ ਹੁੰਦੀ ਹੈ। HPV ਵੈਕਸੀਨ ਤੋਂ ਗੰਭੀਰ ਬੁਰੇ ਪ੍ਰਭਾਵ ਦਾ ਖਤਰਾ ਬੇਹੱਦ ਘੱਟ ਹੈ।

ਪਬਲਿਕ ਹੈਲਥ ਨਰਸਾਂ ਵੈਕਸੀਨ ਦਿੰਦੀਆਂ ਹਨ ਅਤੇ ਸਾਰੇ ਸਮਿਆਂ 'ਤੇ ਸਕੂਲ ਦੇ ਕਲੀਨਿਕਾਂ ਵਿੱਚ ਰਹਿੰਦੀਆਂ ਹਨ। ਉਹਨਾਂ ਨੂੰ ਅਣਚਾਹੇ ਅਸਰਾਂ ਦੀ ਪਛਾਣ ਕਰਨ ਅਤੇ ਇਹਨਾਂ ਦਾ ਪ੍ਰਬੰਧਨ ਕਰਨ ਦੀ ਸਿਖਲਾਈ ਮਿਲੀ ਹੁੰਦੀ ਹੈ, ਜਿਸ ਵਿੱਚ ਕੋਈ ਗੰਭੀਰ ਐਲਰਜੀ ਵਾਲੇ ਬੁਰੇ ਪ੍ਰਭਾਵ ਵੀ ਸ਼ਾਮਲ ਹੁੰਦੇ ਹਨ।

ਜੇ ਤੁਹਾਡੇ ਇਸ ਬਾਰੇ ਕੋਈ ਵਿਸ਼ੇਸ਼ ਸਵਾਲ ਹਨ ਕਿ ਕਿਸਨੂੰ HPV ਵੈਕਸੀਨ ਨਹੀਂ ਲਗਵਾਉਣੀ ਚਾਹੀਦੀ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਨਕ ਜਾਂ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਗੱਲ ਕਰੋ। ਵਧੇਰੇ ਜਾਣਕਾਰੀ ਵਾਸਤੇ Ontario.ca/hpv ਦੇਖੋ।

## ਕੀ ਗਰੇਡ 7 ਵਿੱਚ ਹੋਰ ਵੈਕਸੀਨਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ?

2016-17 ਸਕੂਲੀ ਵਰ੍ਹੇ ਤੋਂ ਸ਼ੁਰੂ ਕਰਕੇ, ਗਰੇਡ 7 ਵਿਚਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਸਕੂਲ-ਆਧਾਰਿਤ ਪ੍ਰੋਗਰਾਮ ਦੇ ਭਾਗ ਵਜੋਂ ਤਿੰਨ ਵੈਕਸੀਨਾਂ ਦੀ ਪੇਸ਼ਕਸ਼ ਕੀਤੀ ਜਾਵੇਗੀ: HPV, ਮੈਨਿਨਗੋਕੌਕਲ ਅਤੇ ਹੈਪਾਟਾਈਟਸ ਬੀ। ਇਹ ਸੰਭਵ ਹੈ ਕਿ ਇੱਕੋ ਦਿਨ ਇੱਕ ਤੋਂ ਵਧੇਰੇ ਵੈਕਸੀਨ ਦਿੱਤੀ ਜਾਵੇ। ਵਧੇਰੇ ਜਾਣਕਾਰੀ ਵਾਸਤੇ ਤੁਹਾਡੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਸਿਹਤ ਸੰਭਾਲ ਪ੍ਰਦਾਨਕ ਨਾਲ ਗੱਲ ਕਰੋ।

ਤੁਹਾਡੇ ਬੱਚੇ ਲਈ ਸਕੂਲ ਵਿਖੇ ਮੁਫ਼ਤ ਵੈਕਸੀਨਾਂ ਪ੍ਰਾਪਤ ਕਰਨ ਵਾਸਤੇ, ਕਿਰਪਾ ਕਰਕੇ ਯਕੀਨੀ ਬਣਾਓ ਕਿ ਸਹਿਮਤੀ ਫਾਰਮਾਂ ਨੂੰ ਭਰਿਆ ਜਾਂਦਾ ਹੈ ਅਤੇ ਵਾਪਸ ਭੇਜਿਆ ਜਾਂਦਾ ਹੈ।

ਵਧੇਰੇ ਜਾਣਨ ਲਈ **Ontario.ca/hpv** ਦੇਖੋ।

Catalogue No. 020594 ISBN 978-1-4606-8435-1 (PDF) (Punjabi) © Queen's Printer for Ontario, 2016

Ontario